SIKH FAMILY CENTER

ਸਿੱਖ ਫੈਮਿਲੀ ਸੈਂਟਰ

Gurpreet Kaur Dosanjh is the most recent known victim of a family violence homicide in the Sikh community. We will hold her, and other victims lost to domestic violence, in our October ardaas, a collective remembrance, recognition, and recommitment to
safety and wellbeing for all.

# Sarbat da Bhala

Sikh Family Center never comments on individual cases, prioritizing individual's choices, privacy, discretion, and safety above all else. But with publicly reported details about a death, we do wish to pause and reflect on what is being discussed about family violence in our community. Because these discussions affect Gurpreet's memory as well as all the others living with violence.

Gurpreet was working at a Walmart. She was in the process of divorce. She was being stalked by her father-in-law. She was fearful of her father-in-law. Gurpreet was shot dead.

"Separation Abuse" is very common and dangerous. In fact, the most dangerous time for a victim-survivor is when she plans to leave or actually leaves an abusive situation.

This itself helps answer the uneducated question many victim-survivors face:

# *Why doesn't she just leave?*

**<u>But for every Sikh sister listening:</u>**
**do not let anyone use this horrific tragedy to suggest you do not have options, or that your only option is between abuse and losing your life.**

There are resources that can help you create a personalized safety plan: whether you decide to stay in an abusive family situation, or you decide to leave. Safety planning with experienced advocates is essential. It is more than a casual conversation or a well-meaning chat. Someone trained in anti-violence work will draw on evidence and data and specialized services to assist you in enhancing your safety.

We owe it to Gurpreet's - and every survivor's - memory to recognize the strength, independence, creativity, ability of survivors, and to enable them to access resources that can enhance their safety and protect them from shamefully cowardly acts of violence. This is Sikh Family Center’s sincere ardaas.

# Join us.

ਗੁਰਪ੍ਰੀਤ ਕੌਰ ਦੋਸਾਂਝ ਦੀ ਘਰੇਲੂ ਹਿੰਸਾ ਕਾਰਨ ਹੋਈ ਹੱਤਿਆ ਸਾਡੀ ਕੌਮ ਵਿੱਚ ਇਸ ਸੱਮਸਿਆ ਦੀ ਇੱਕ ਤਾਜ਼ਾ ਮਿਸਾਲ ਹੈ

ਅਕਤੂਬਰ ਮਹੀਨੇ ਵਿੱਚ ਅਸੀਂ ਗੁਰਪ੍ਰੀਤ ਅਤੇ ਅਨੇਕਾਂ ਹੋਰ ਐਸੇ ਮਜ਼ਲੂਮ ਲੋਕਾਂ ਲਈ ਅਰਦਾਸ ਕਰਾਂਗੇ ਜੋ ਘਰੇਲੂ ਹਿੰਸਾ ਦਾ ਸ਼ਿਕਾਰ ਹੋਏ ਹਨ।

ਅਤੇ ਉਨ੍ਹਾਂ ਲੋਕਾਂ ਨੂੰ ਯਾਦ ਕਰਕੇ, ਸਮਾਜ ਵਿੱਚ ਐਸੇ ਮਜ਼ਲੂਮਾਂ ਦੀ ਰੱਖਿਆ ਲਈ ਖੜੇ ਹੋਣ ਵਾਸਤੇ ਆਪਣੀ ਵਚਨਬੱਧਤਾ ਦੋਹਰਾਵਾਂਗੇ।

**ਸਰਬੱਤ ਦਾ ਭਲਾ !**

SIKH FAMILY CENTER
ਸਿੱਖ ਫੈਮਿਲੀ ਸੈਂਟਰ

ਸਿੱਖ ਫੈਮਿਲੀ ਸੈਂਟਰ ਕਦੇ  ਕਿਸੇ ਕੇਸ ਉੱਤੇ ਟਿੱਪਣੀ ਨਹੀਂ ਕਰਦਾ, ਕਿਉਂਕਿ ਸਾਡੇ ਲਾਈ ਜੀਆਂ ਦੀ ਨਿੱਜੀ ਸੁਰੱਖਿਆ ਬਣਾਈ ਰੱਖਣਾ ਸਭ ਤੋਂ ਜ਼ਰੂਰੀ ਹੈ। ਸੰਗਤ ਦੀਆਂ ਸਾਡੇ ਨਾਲ ਹੋਈਆਂ ਹੋਈ ਗੱਲਾਂ ਅਸੀਂ ਗੁਪਤ ਹੀ ਰੱਖਦੇ ਹਾਂ

ਪਰ ਇਸ ਖ਼ਬਰ ਬਾਰੇ ਜਿਹੜੇ ਵਿਚਾਰ ਸਾਡੀ ਕੌਮ ਵਿੱਚ ਚਲ ਰਹੇ ਹਨ, ਉਨ੍ਹਾਂ ਬਾਰੇ ਗੱਲ ਕਰਨਾ ਜਰੂਰੀ ਹਾਂ। ਇਸ ਦਾ ਮੁੱਖ ਕਾਰਨ ਇਹ ਹੈ ਕੇ ਇਹਨਾਂ ਵਿਚਾਰਾਂ ਨਾਲ ਗੁਰਪ੍ਰੀਤ ਦੀ ਯਾਦ ਜੁੜੀ ਹੋਈ ਹੈ ਅਤੇ ਇਹ ਹੋਰਨਾਂ ਉਨ੍ਹਾਂ ਲੋਕਾਂ ਤੇ ਅਸਰ ਪਾਉਂਦੇ ਹਨ ਜੋ ਗੁਰਪ੍ਰੀਤ ਵਾਂਗ ਪਰਿਵਾਰਕ ਹਿੰਸਾ ਦੇ ਸ਼ਿਕਾਰ ਹੋ ਰਹੇ ਹਨ।

SIKH FAMILY CENTER
ਸਿੱਖ ਫੈਮਿਲੀ ਸੈਂਟਰ

ਗੁਰਪ੍ਰੀਤ ਵਾਲਮਾਰਟ ’ਤੇ ਕੰਮ ਕਰਦੀ ਸੀ ਅਤੇ ਉਸ ਦੇ ਤਲਾਕ ਦਾ ਕੇਸ ਚਲ ਰਿਹਾ ਸੀ। ਉਸ ਦਾ ਸੁਹਰਾ ਉਸ ਦਾ ਪਿੱਛਾ ਕਰ ਰਿਹਾ ਸੀ । ਗੁਰਪ੍ਰੀਤ ਭੈਭੀਤ ਸੀ ਅਤੇ ਅੰਤ ਵਿੱਚ ਉਸ ਦੇ ਹੀ ਸੋਹਰੇ ਨੇ ਗੁਰਪ੍ਰੀਤ ਨੂੰ ਗੋਲੀ ਨਾਲ ਮਾਰ ਮੁਕਾਇਆ।

ਹਿੰਸਾ ਕਰਨ ਵਾਲੇ ਤੋਂ ਵੱਖ ਹੋਣ ਦੌਰਾਨ  ਜੀਆਂ ਨੂੰ ਬਹੁਤ ਹੀ ਗੰਭੀਰ ਖ਼ਤਰਾ ਹੋ ਸਕਦਾ ਹੈ ਅਸਲ ਵਿੱਚ, ਇਹ ਸਮਾਂ ਪਰਿਵਾਰਕ ਹਿੰਸਾ ਦਾ ਸਾਹਮਣਾ ਕਰਨ ਵਾਲੀਆਂ ਲਈ ਸਭ ਤੋਂ ਖ਼ਤਰਨਾਕ ਸਾਬਤ ਹੋ ਸਕਦਾ ਹੈ

SIKH FAMILY CENTER
ਸਿੱਖ ਫੈਮਿਲੀ ਸੈਂਟਰ

ਇਹ ਹਕੀਕਤ ਆਪ ਹੀ ਜਵਾਬ
ਦਿੰਦੀ ਹੈ ਇਸ ਸਵਾਲ ਦਾ:

ਪਰ ਫੇਰ ਉਹ ਹਿੰਸਕ
ਨੂੰ ਛੱਡ ਕਿਓਂ ਨਹੀਂ ਦਿੰਦੀ?

SIKH FAMILY CENTER
ਸਿੱਖ ਫੈਮਿਲੀ ਸੈਂਟਰ

ਇਹ ਇੱਕ ਵੱਡਾ ਅਨਪੜ੍ਹਤਾ ਤੇ ਅਣਜਾਣਪੁਣੇ ਵਾਲਾ ਸਵਾਲ ਹੈ।

ਅਸੀ ਹਰ ਇਕ ਸਿੱਖ ਭੈਣ ਨੂੰ ਕਹਿਣਾ ਚਾਹੁੰਦੇ ਹਾਂ ਕਿ ਕਿਸੇ ਨੂੰ ਹੱਕ ਨਹੀ ਕਿ ਇਸ ਕੇਸ ਨੂੰ ਵਰਤ ਕੇ ਤੁਹਾਨੂੰ ਇਹ ਮਹਿਸੂਸ ਕਰਾਏ ਕਿ ਤੁਸੀਂ ਫਸੇ ਹੀ ਰਹੋ ਗੇ: ਕਿ ਇੱਕ ਪਾਸੇ ਹਿੰਸਾ ਹੈ, ਅਤੇ ਦੂਜੇ ਪਾਸੇ ਮੌਤ। ਇਹ ਗ਼ਲਤ ਹੈ। ਤੁਹਾਡੇ ਕੋਲ ਕਈ ਹੋਰ ਰਾਹ ਵੀ ਹਨ।

SIKH FAMILY CENTER
ਸਿੱਖ ਫੈਮਿਲੀ ਸੈਂਟਰ

ਭਾਵੇਂ ਤੁਸੀਂ ਅਜੇ ਹਿੰਸਾ ਤੋਂ ਛੁਟਕਾਰਾ ਨਹੀਂ ਪਾ ਸਕਦੇ ਯਾਂ ਤੁਸੀਂ ਸੁਰੱਖਿਆ ਵੱਲ  ਕੰਮ ਕਰ ਰਹੇ ਹੋ, ਤੁਹਾਡੇ ਲਈ ਸੁਰੱਖਿਆ ਦੀ ਯੋਜਨਾਬੰਦੀ ਕਰਨੀ ਬਹੁਤ ਜਰੂਰੀ ਹੈ। ਅਤੇ ਕਈ ਦਸਤਾਵੇਜ ਉਪਲਬਧ ਹਨ ਜਿਹੜੇ ਤੁਹਾਡੇ ਲਈ ਸਹਾਇਕ ਹੋ ਸਕਦੇ ਹਨ।

ਪਰਵਾਰਕ ਹਿੰਸਾ ਬਾਰੇ ਤਜਰਬੇਕਾਰ ਮਾਹਰ ਤੁਹਾਨੂੰ ਇਸ ਯੋਜਨਾਬੰਦੀ ਵਿੱਚ ਬਹੁਤ ਮਦਦ ਕਰ ਸਕਦੇ ਹਨ। ਇਹ ਆਮ ਗੱਲ-ਬਾਤ ਤੋਂ ਫਰਕ ਹੈ।

ਉਨ੍ਹਾਂ ਨਾਲ ਸੰਪਰਕ ਕਰੋ ਜੋ ਪਰਵਾਰਕ ਹਿੰਸਾ ਕੇਸਾਂ ਬਾਰੇ ਮਾਹਰ ਹਨ, ਜਿਨ੍ਹਾਂ ਨੂੰ ਤਜਰਬਾ ਹੈ ਅਤੇ ਜੋ ਅੰਕੜਿਆਂ ਦੇ ਅਧਾਰ ਤੇ ਤੁਹਾਨੂੰ ਸਹਾਇਤਾ ਪਰਦਾਨ ਕਰ ਸਕਦੇ ਹਨ।

SIKH FAMILY CENTER
ਸਿੱਖ ਫੈਮਿਲੀ ਸੈਂਟਰ

ਅਸੀਂ ਉਹਨਾਂ ਅਨੇਕ ਇਨਸਾਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ  ਜੋ ਘਰੇਲੂ ਹਿੰਸਾ ਦਾ ਸ਼ਿਕਾਰ ਹੋਏ ਹਨ।

ਤੁਹਾਡੀ ਤਾਕਤ ਨੂੰ ਸਿਰ ਨਿਵਾਉਂਦੇ ਹੋਏ ਅਰਦਾਸ ਕਰਦੇ ਹਾਂ ਕਿ ਅਸੀਂ ਉਹ ਸਭ ਕੰਮ ਕਰਦੇ ਰਹੀਏ ਜਿਨਾਂ ਨਾਲ ਸਭ ਜੀਆਂ ਦੀ ਰੱਖਿਆ ਯਕੀਨਣ ਬਣਾਈ ਜਾ ਸਕੇ।ਇਹ ਸਿੱਖ ਫੈਮਲੀ ਸੈਂਟਰ ਦੀ ਦਿਲੋਂ ਅਰਦਾਸ ਹੈ।

ਆਓ ਸਾਡੇ ਨਾਲ ਜੁੜੋ !

ਜੇ ਤੁਹਾਨੂੰ ਘਰੇਲੂ ਹਿੰਸਾ ਕਾਰਨ ਹੋਈ ਕਿਸੀ ਹੱਤਿਆ ਦਾ ਪਤਾ ਹੈ, ਤਾਂ ਅਰਦਾਸ ਵਿੱਚ ਸ਼ਾਮਿਲ ਕਰਨ ਲਈ ਉਨ੍ਹਾਂ ਦਾ ਨਾਂ, ਉਮਰ, ਤੇ ਯੂ.ਐਸ. ਸਟੇਟ ਭੇਜ ਦੋ ਜੀ।

SIKH FAMILY CENTER
ਸਿੱਖ ਫੈਮਿਲੀ ਸੈਂਟਰ